ਸ਼ੁਰੂ ਕਰਨ ਜਾਂ ਕਲੀਅਰ ਕਰਨ ਲਈ ਇੱਥੇ ਕਲਿੱਕ ਕਰੋ ਫਿਰ ਟੈਬ ਬਟਨ ਨੂੰ ਦਬਾਓ

WASHINGTON STATE DEPARTMENT OF LICENSING

# DUI ਸੁਣਵਾਈ ਲਈ ਬੇਨਤੀ

ਇਹ ਤੁਹਾਡਾ ਇਸ ਗੱਲ ਦਾ ਨੋਟਿਸ ਹੈ ਕਿ ਲਾਇਸੰਸਿੰਗ ਵਿਭਾਗ (Department of Licensing, DOL) ਤੁਹਾਡੇ ਲਾਇਸੰਸ, ਪਰਮਿਟ, ਜਾਂ ਗੱਡੀ ਚਲਾਉਣ ਦੇ ਵਿਸ਼ੇਸ਼ ਅਧਿਕਾਰ ਨੂੰ ਮੁਅੱਤਲ, ਰੱਦ ਜਾਂ ਇਨਕਾਰ ਕਰਨ ਦਾ ਇਰਾਦਾ ਰੱਖਦਾ ਹੈ। ਤੁਹਾਡੇ ਕੋਲ ਆਪਣੇ ਡਰਾਈਵਿੰਗ ਵਿਸ਼ੇਸ਼ ਅਧਿਕਾਰ ਨੂੰ ਮੁਅੱਤਲ ਕਰਨ ਜਾਂ ਰੱਦ ਕਰਨ ਦਾ ਮੁਕਾਬਲਾ ਕਰਨ ਲਈ ਰਸਮੀ ਸੁਣਵਾਈ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਸੁਣਵਾਈ ਅਧਿਆਇ 308-101 WAC ਦੇ ਅਨੁਸਾਰ ਕੀਤੀ ਜਾਵੇਗੀ। ਸੁਣਵਾਈ ਵਿੱਚ ਸ਼ਾਮਲ ਮੁੱਦਿਆਂ ਲਈ RCW 46.20.308 ਦੇਖੋ।

ਤੁਹਾਡੀ ਬੇਨਤੀ ਦੇ ਨਾਲ $375 ਦੀ ਇੱਕ ਅਣਪਰਤਾਵੀ ਫੀਸ ਸ਼ਾਮਲ ਹੋਣੀ ਚਾਹੀਦੀ ਹੈ, ਜਦੋਂ ਤੱਕ ਤੁਸੀਂ ਵਿੱਤੀ ਸਹਾਇਤਾ ਲਈ ਯੋਗ ਨਹੀਂ ਹੁੰਦੇ ਹੋ (ਹੇਠਾਂ ਵਿੱਤੀ ਸਹਾਇਤਾ ਸੰਬੰਧੀ ਬੇਨਤੀਆਂ ਦੇਖੋ)। **ਤੁਹਾਡੀ ਬੇਨਤੀ ਨੂੰ ਗ੍ਰਿਫ਼ਤਾਰੀ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ, ਜਾਂ ਨੋਟਿਸ ਦਿੱਤੇ ਜਾਣ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ ਪੋਸਟਮਾਰਕ ਕੀਤਾ ਜਾਣਾ ਚਾਹੀਦਾ ਹੈ।** ਜੇਕਰ ਤੁਹਾਡੀ ਬੇਨਤੀ ਇਸ ਸਮਾਂ ਸੀਮਾ ਦੇ ਅੰਦਰ ਨਹੀਂ ਕੀਤੀ ਜਾਂਦੀ, ਤਾਂ ਤੁਸੀਂ ਸੁਣਵਾਈ ਦੇ ਆਪਣੇ ਅਧਿਕਾਰ ਨੂੰ ਛੱਡ ਦਿਉਗੇ।

ਇਸ ਪੂਰੇ ਕੀਤੇ ਫਾਰਮ ਨੂੰ ਲਾਇਸੰਸਿੰਗ ਵਿਭਾਗ ਨੂੰ ਭੁਗਤਾਨ ਯੋਗ ਚੈੱਕ ਜਾਂ ਮਨੀ ਆਰਡਰ ਦੇ ਨਾਲ ਇਸ ਪਤੇ ਤੇ ਭੇਜੋ:

Administrative Law Office<br>
**Department of Licensing**<br>
PO Box 9048<br>
Olympia, WA 98507-9048

ਜੇਕਰ ਤੁਹਾਡੇ ਕੋਲ Washington ਰਾਜ ਡਰਾਈਵਰ ਲਾਇਸੰਸ ਅਤੇ ਇੱਕ ਵੈਧ MasterCard, Visa, ਜਾਂ American Express ਕ੍ਰੈਡਿਟ ਕਾਰਡ ਹੈ, ਤਾਂ ਤੁਸੀਂ ਸੁਣਵਾਈ ਲਈ ਔਨਲਾਈਨ ਅਪਲਾਈ ਕਰ ਸਕਦੇ ਹੋ। ਵਧੇਰੀ ਜਾਣਕਾਰੀ ਲਈ ਸਾਡੀ ਵੈੱਬਸਾਈਟ dol.wa.gov ਤੇ ਜਾਓ।

**ਵਿੱਤੀ ਸਹਾਇਤਾ ਸੰਬੰਧੀ ਬੇਨਤੀਆਂ** – ਜੇਕਰ ਤੁਸੀਂ ਵਿੱਤੀ ਸਹਾਇਤਾ ਲਈ ਅਰਜ਼ੀ ਦੇ ਰਹੇ ਹੋ (RCW 10.101.010 ਵਿੱਚ ਪਰਿਭਾਸ਼ਿਤ) ਅਤੇ ਸੁਣਵਾਈ ਦੀ ਫੀਸ ਮਾਫ਼ ਕਰਵਾਉਣਾ ਚਾਹੁੰਦੇ ਹੋ, ਤਾਂ ਸਾਡੀ ਵੈੱਬਸਾਈਟ dol.wa.gov ਤੇ ਉਪਲਬਧ ਵਿੱਤੀ ਸਹਾਇਤਾ ਐਪਲੀਕੇਸ਼ਨ ਦੀ ਵਰਤੋਂ ਕਰੋ।

**ਸਾਰੇ ਪੱਤਰ-ਵਿਹਾਰ ਨੂੰ ਲਾਇਸੰਸਿੰਗ ਵਿਭਾਗ (Department of Licensing, DOL) ਨਾਲ ਫ਼ਾਈਲ ਤੇ ਦਿੱਤੇ ਗਏ ਪਤੇ ਤੇ ਡਾਕ ਰਾਹੀਂ ਭੇਜਿਆ ਜਾਵੇਗਾ।** ਆਪਣਾ ਪਤਾ ਅੱਪਡੇਟ ਕਰਨ ਲਈ, ਔਨਲਾਈਨ dol.wa.gov ਤੇ ਜਾਓ ਜਾਂ ਸਾਡੇ ਸਥਾਨਕ ਡਰਾਈਵਰ ਲਾਇਸੰਸਿੰਗ ਦਫ਼ਤਰ ਤੇ ਜਾਓ।

| | | |
|---|---|---|
| **ਨਾਮ ਪ੍ਰਿੰਟ ਕਰੋ ਜਾਂ ਟਾਈਪ** ਕਰੋ *(ਆਖਰੀ, ਪਹਿਲਾ, ਵਿਚਕਾਰਲਾ)* | ਜਨਮ ਮਿਤੀ | 10-ਅੰਕ ਵਾਲਾ ਫ਼ੋਨ ਨੰਬਰ |

| | | | |
|---|---|---|---|
| ਤੁਹਾਡੀ ਸੁਣਵਾਈ ਲਈ ਮੀਟਿੰਗ ਦਾ ਸੱਦਾ ਭੇਜਣ ਲਈ ਸਾਨੂੰ ਈਮੇਲ ਕਰੋ | ਡਰਾਈਵਰ ਲਾਇਸੰਸ ਨੰਬਰ | ਰਾਜ | ਗ੍ਰਿਫ਼ਤਾਰੀ ਦੀ ਮਿਤੀ |

| |
|---|
| ਵਕੀਲ ਦਾ ਨਾਮ, ਜੇਕਰ ਲਾਗੂ ਹੋਵੇ (**ਜਨਤਕ ਬਚਾਅ-ਪੱਖ ਨੂੰ ਸੂਚੀਬੱਧ ਨਾ ਕਰੋ**) |
| ਵਕੀਲ ਦਾ ਪਤਾ *(ਪਤਾ, ਸ਼ਹਿਰ, ਸੂਬਾ, ਜ਼ਿਪ ਕੋਡ)* |

| | | |
|---|---|---|
| ਵਕੀਲ ਦਾ 10-ਅੰਕ ਵਾਲਾ ਫ਼ੋਨ ਨੰਬਰ | ਵਕੀਲ ਦਾ 10-ਅੰਕ ਵਾਲਾ ਫੈਕਸ ਨੰਬਰ | ਵਕੀਲ ਦੀ ਈਮੇਲ |

ਜੇਕਰ ਧਿਰਾਂ ਜਾਂ ਗਵਾਹ ਗੈਰ-ਅੰਗਰੇਜ਼ੀ ਭਾਸ਼ਾ ਬੋਲਣ ਵਾਲੇ ਹਨ ਜਾਂ ਸੁਣਨ ਤੋਂ ਅਸਮਰੱਥ ਹਨ, ਤਾਂ ਤੁਹਾਡੇ ਲਈ ਇੱਕ ਯੋਗ ਦੁਭਾਸ਼ੀਆ ਨਿਯੁਕਤ ਕੀਤਾ ਜਾਵੇਗਾ। ਜੇਕਰ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਲੋੜ ਹੈ, ਤਾਂ ਹੇਠਾਂ ਦਿੱਤੀ ਜਾਣਕਾਰੀ ਨੂੰ ਪੂਰਾ ਕਰੋ।

| | | |
|---|---|---|
| ਦੁਭਾਸ਼ੀਏ ਲਈ ਬੇਨਤੀ ਕਰੋ<br>☐ ਮੈਨੂੰ ਇੱਕ ਦੁਭਾਸ਼ੀਏ ਦੀ ਲੋੜ ਹੈ ☐ ਮੈਂ ਸੁਣਨ ਵਿੱਚ ਕਮਜ਼ੋਰ ਹਾਂ | ਪ੍ਰਾਇਮਰੀ ਭਾਸ਼ਾ | ਉਪਭਾਸ਼ਾ |

ਤੁਹਾਡੇ ਕੋਲ ਕੋਈ ਵੈਧ ਲਾਇਸੰਸ ਇਸ ਗ੍ਰਿਫ਼ਤਾਰੀ ਦੀ ਮਿਤੀ ਤੋਂ, ਲਾਇਸੰਸ ਤੇ ਨੋਟ ਕੀਤੀ ਮਿਆਦ ਸਮਾਪਤ ਹੋਣ ਦੀ ਮਿਤੀ ਤੋਂ, ਜਾਂ ਜਦੋਂ ਤੱਕ ਕਿਸੇ ਸੁਣਵਾਈ ਤੇ ਵਿਭਾਗ ਦੀ ਕਾਰਵਾਈ ਨੂੰ ਬਰਕਰਾਰ ਨਹੀਂ ਰੱਖਿਆ ਜਾਂਦਾ, ਜੋ ਵੀ ਪਹਿਲਾਂ ਹੁੰਦਾ ਹੈ, ਸਿਰਫ਼ 30 ਦਿਨਾਂ ਲਈ ਵੈਧ ਹੁੰਦਾ ਹੈ।

ਅਸੀਂ ਇਹ ਸੁਝਾਅ ਦਿੰਦੇ ਹਾਂ ਕਿ ਤੁਸੀਂ ਗੱਡੀ ਚਲਾਉਣ ਤੋਂ ਪਹਿਲਾਂ ਆਪਣੇ ਡਰਾਈਵਿੰਗ ਦੇ ਵਿਸ਼ੇਸ਼ ਅਧਿਕਾਰ ਦੀ ਸਥਿਤੀ ਦੀ ਜਾਂਚ ਕਰੋ। ਸਥਿਤੀ ਦੀ ਜਾਂਚ ਕਰਨ ਜਾਂ ਭਾਸ਼ਾ ਦੀ ਮਦਦ ਲੈਣ ਲਈ ਪ੍ਰਸ਼ਾਸਨਿਕ ਪ੍ਰਬੰਧਕੀ ਕਾਨੂੰਨ ਦਫ਼ਤਰ (Administrative Law Office) ਨੂੰ (360) 664-1444 'ਤੇ ਕਾਲ ਕਰੋ।

ਭਾਸ਼ਾ ਸੰਬੰਧੀ ਸਹਾਇਤਾ ਲਈ ਉੱਪਰ ਦਿੱਤੇ ਫ਼ੋਨ ਨੰਬਰ ਤੇ ਕਾਲ ਕਰੋ।<br>
Para ayuda con el idioma, llame al número de teléfono anterior.<br>
Для получения услуг переводчика звоните по указанному выше номеру телефона.<br>
Để được hỗ trợ về ngôn ngữ, hãy gọi đến số điện thoại trên.<br>
如需語言協助，請致電上方的電話號碼。<br>
언어 지원이 필요하시면, 위에 있는 전화번호로 전화하여 주십시오.<br>
Para sa tulong sa wika, tumawag sa numero ng telepono sa itaas.

ਅਥਾਰਟੀ: RCW 46.20.308